بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡد
لَاۤ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਾ ਫ਼ਤਹਿ ਮੱਕਾ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 08 ਅਗਸਤ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ أَلْحَمْدُ لِلّٰهِ رَبِّ الْعٰلَمِيْنَ ۞ أَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਜਲਸੇ ਤੋਂ ਪਹਿਲਾਂ ਫ਼ਤਹਿ ਮੱਕਾ ਦੇ ਵਾਕ਼ਿਆਤ ਦਾ ਜ਼ਿਕਰ ਹੋ ਰਿਹਾ ਸੀ। ਮੈਂ ਕੁੱਝ ਸ਼ਦੀਦ ਮੁਖ਼ਾਲਿਫ਼ਾਂ ਦੇ **ਕ਼ਬੂਲਿ ਇਸਲਾਮ** ਦਾ ਜ਼ਿਕਰ ਕੀਤਾ ਸੀ, ਇਨ੍ਹਾਂ ਵਿੱਚੋਂ ਕੁੱਝ ਹੋਰ ਵੀ ਹਨ। ਵਹਸ਼ੀ ਬਿਨ ਹਰਬ ਨੇ ਜੰਗਿ ਉਹਦ ਵਿੱਚ ਹਜ਼ਰਤ ਹਮਜ਼ਾ ਰਜ਼ਿ ਅੱਲਾਹੁ ਅਨਹੁ ਨੂੰ ਸ਼ਹੀਦ ਕੀਤਾ ਸੀ ਅਤੇ ਫ਼ਤਹਿ ਮੱਕਾ ਦੇ ਬਾਅਦ ਇਹ ਤਾਇਫ਼ ਭੱਜ ਗਿਆ। ਜਦ ਤਾਇਫ਼ ਦੇ ਵਸਨੀਕਾਂ ਨੇ ਇਸਲਾਮ ਕ਼ਬੂਲ ਕੀਤਾ ਤਾਂ ਇਹ ਆਇਆ ਅਤੇ ਉਸਨੇ ਇਸਲਾਮ ਕ਼ਬੂਲ ਕਰ ਲਿਆ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਦੇ ਕ਼ਬੂਲਿ ਇਸਲਾਮ 'ਤੇ ਉਸ ਨੂੰ ਫ਼ਰਮਾਇਆ ਕਿ ਕੀ ਤੇਰੇ ਲਈ ਇਹ ਮੁਮਕਿਨ ਹੈ ਕਿ ਤੂੰ ਮੇਰੇ ਕੋਲੋਂ ਆਪਣਾ ਚਿਹਰਾ ਲੁਕਾ ਲਵੇਂ? ਫਿਰ ਜਦ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਵਫ਼ਾਤ ਦੇ ਬਾਅਦ ਮੁਸੈਲਮਾ ਕੱਜ਼ਾਬ ਨੇ **ਬਗ਼ਾਵਤ** ਕੀਤੀ ਤਾਂ ਵਹਸ਼ੀ ਨੇ ਇਸ ਖ਼ਿਆਲ ਨਾਲ਼ ਕਿ ਮੁਸੈਲਮਾ ਦੇ ਨਾਲ਼ ਜੰਗ ਵਿੱਚ ਹਿੱਸਾ ਲਿਆ ਤਾਂ ਜੋ ਹਜ਼ਰਤ ਹਮਜ਼ਾ ਰਜ਼ਿ ਅੱਲਾਹੁ ਅਨਹੁ ਦੇ **ਕ਼ਤਲ** ਦਾ **ਦਾਗ਼** ਧੋਇਆ ਜਾ ਸਕੇ। ਦੌਰਾਨਿ ਜੰਗ ਵਹਸ਼ੀ ਨੇ ਆਪਣੀ **ਬਰਛੀ** ਨਾਲ਼ ਹਮਲਾ ਕਰਕੇ ਮੁਸੈਲਮਾ 'ਤੇ ਵਾਰ ਕੀਤਾ ਜਿਸ ਨਾਲ਼ ਉਹ ਹਲਾਕ ਹੋ ਗਿਆ।

ਇਸੇ ਤਰ੍ਹਾਂ ਅਮ੍ਰ ਬਿਨ ਹਾਸ਼ਿਮ ਦੀ **ਲੌਂਡੀ** ਸਾਰਾ ਵੀ ਸੀ, ਜਿਹੜੀ ਗਾਉਣ ਵਾਲ਼ੀ ਸੀ। ਫ਼ਤਹਿ ਮੱਕਾ ਤੋਂ ਪਹਿਲਾਂ ਉਸ ਨੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਲ਼ ਮਦਦ ਦੀ **ਦਰਖ਼ਾਸਤ** ਕੀਤੀ ਤਾਂ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਪੁੱਛਿਆ ਕਿ ਤੇਰੇ ਗੀਤਾਂ ਨੂੰ ਕੀ ਹੋਇਆ? ਇਸ 'ਤੇ ਉਸ ਨੇ ਕਿਹਾ ਕਿ ਗ਼ਜ਼ਵਾ ਬਦਰ ਵਿੱਚ **ਕ਼ੁਰੈਸ਼** ਦੇ ਸਰਦਾਰਾਂ ਦੇ ਮਾਰੇ ਜਾਣ ਦੇ ਬਾਅਦ ਮੱਕੇ ਦੇ ਵਸਨੀਕਾਂ ਨੇ ਗੀਤ ਸੁਣਨੇ ਬੰਦ ਕਰ ਦਿੱਤੇ ਹਨ। ਇਸ 'ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸਨੂੰ ਇੱਕ **ਊਠ** ਤੇ ਕੁੱਝ **ਅਨਾਜ** ਅਤਾ ਫ਼ਰਮਾਇਆ। ਪਰ ਉਹ ਇਸਲਾਮ ਮੁਖ਼ਾਲਿਫ਼ ਗੀਤ ਗਾਉਣ ਵਾਲ਼ੀ ਗੀਤ ਗਾਉਣ ਤੋਂ ਬਾਜ਼ ਨਾ ਆਈ। ਇਹ ਉਹੀ ਔਰਤ ਸੀ ਜਿਸ ਕੋਲੋਂ ਹਜ਼ਰਤ ਹਾਤਿਬ ਰਜ਼ਿ ਅੱਲਾਹੁ ਅਨਹੁ ਦਾ ਖ਼ਤ ਮਿਲਿਆ ਸੀ। ਉਸ ਨੇ ਇਸਲਾਮ ਕ਼ਬੂਲ ਕੀਤਾ ਅਤੇ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਦੀ ਖ਼ਿਲਾਫ਼ਤ ਤੱਕ ਜਿਉਂਦੀ ਰਹੀ।

ਇਸੇ ਤਰ੍ਹਾਂ ਇੱਕ ਇਬਨਿ ਖ਼ਤਲ ਦੀ **ਲੌਂਡੀ** ਫ਼ਰਤਨਾ ਸੀ। ਇਹ ਵੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਬਾਰੇ **ਤੌਹੀਨ ਆਮੇਜ਼ ਸ਼ਿਅਰ** ਗਾਉਂਦੀ ਸੀ, ਉਸਨੇ ਇਸਲਾਮ ਕ਼ਬੂਲ ਕਰ ਲਿਆ ਸੀ।

ਹਾਰਿਸ ਬਿਨ ਹੱਸ਼ਾਮ ਜਿਹੜਾ ਮੱਕੇ ਦਾ ਹਰ ਦਿਲ ਅਜ਼ੀਜ਼ (ਹਰਮਨ ਪਿਆਰਾ) ਸਰਦਾਰ ਸੀ, ਅਬੂ ਜਹਲ ਦੇ ਪਿਓ ਵੱਲੋਂ ਭਾਈ ਵੀ ਸੀ, ਹਜ਼ਰਤ ਖ਼ਾਲਿਦ ਰਜ਼ਿ ਅੱਲਾਹੁ ਅਨਹੁ ਦੀ ਭੈਣ ਉਸਦੀ ਬੀਵੀ ਸੀ। ਫ਼ਤਹਿ ਮੱਕਾ ਦੇ ਮੌਕੇ 'ਤੇ

ਇਹ ਅਤੇ ਅਬਦੁੱਲਾਹ ਬਿਨ ਅਬੀ ਰਬੀਆ ਹਜ਼ਰਤ ਉੱਮਿ ਹਾਨੀ ਰਜ਼ਿ ਅੱਲਾਹੁ ਅਨਹਾ ਦੇ ਘਰ ਦਾਖ਼ਿਲ ਹੋ ਗਏ। ਹਜ਼ਰਤ ਉੱਮਿ ਹਾਨੀ ਰਜ਼ਿ ਅੱਲਾਹੁ ਅਨਹਾ ਨੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਲ਼ ਅਰਜ਼ ਕੀਤਾ ਕਿ ਉਨ੍ਹਾਂ ਨੂੰ ਮੈਂ **ਪਨਾਹ** ਦਿੱਤੀ ਹੈ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਜਿਸ ਨੂੰ ਤੂੰ **ਪਨਾਹ** ਦਿੱਤੀ ਉਸ ਨੂੰ ਅਸੀਂ **ਪਨਾਹ** ਦਿੱਤੀ। ਕੁੱਝ ਦਿਨ ਬਾਅਦ ਇਹ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਹਾਜ਼ਿਰ ਹੋਏ ਅਤੇ **ਕਲਮਾ ਸ਼ਹਾਦਤ** ਪੜ੍ਹਿਆ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਸਭ ਤਾਰੀਫ਼ਾਂ ਅੱਲਾਹ ਦੇ ਲਈ ਹਨ, ਹਾਰਿਸ! ਤੇਰੇ ਜਿਹਾ ਇਨਸਾਨ ਕਿਵੇਂ ਇਸਲਾਮ ਤੋਂ ਦੂਰ ਰਹਿ ਸਕਦਾ ਸੀ। ਹਾਰਿਸ ਨੇ ਜਵਾਬ ਦਿੱਤਾ, ਬਾਖ਼ੁਦਾ! ਇਸਲਾਮ ਤੋਂ ਦੂਰ ਰਹਿਣਾ ਮੁਮਕਿਨ ਨਹੀਂ ਸੀ।

ਇਸੇ ਤਰ੍ਹਾਂ ਸੁਹੈਲ ਬਿਨ ਅਮ੍ਰ ਦੇ ਕ਼ਬੂਲਿ ਇਸਲਾਮ ਦਾ ਵਾਕ਼ਿਆ ਹੈ। ਇਹ ਹੁਦੈਬਿਯਾ ਦੀ ਸੰਧੀ ਕਰਨ ਦੇ ਲਈ ਕ਼ੁਰੈਸ਼ ਵੱਲੋਂ ਆਇਆ ਸੀ। ਉਹ ਖ਼ੁਦ ਕਹਿੰਦੇ ਹਨ ਕਿ ਜਦ ਫ਼ਤਹਿ ਮੱਕਾ ਦੇ ਬਾਅਦ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਗ਼ਲਬਾ ਪਾ ਲਿਆ ਤਾਂ ਮੈਂ ਆਪਣੇ ਆਪ ਨੂੰ ਘਰ ਵਿੱਚ ਬੰਦ ਕਰ ਲਿਆ ਅਤੇ ਆਪਣੇ ਬੇਟੇ ਨੂੰ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਦੇ ਕੋਲ਼ ਭੇਜਿਆ ਤਾਂ ਜੋ ਉਹ ਮੇਰੇ ਲਈ **ਅਮਾਨ** ਤਲਬ ਕਰੇ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਨੂੰ **ਪਨਾਹ** ਦਿੱਤੀ ਅਤੇ ਫ਼ਰਮਾਇਆ ਕਿ ਸੁਹੈਲ ਜਿਹਾ ਅਕ਼ਲ ਅਤੇ ਸ਼ਰਫ ਵਾਲ਼ਾ ਜ਼ਿਆਦਾ ਦੇਰ ਇਸਲਾਮ ਤੋਂ ਦੂਰ ਨਹੀਂ ਰਹਿ ਸਕਦਾ। ਜਦ ਸੁਹੈਲ ਨੂੰ ਇਹ ਸੂਚਨਾ ਮਿਲ਼ੀ ਤਾਂ ਉਸ ਨੇ ਕਿਹਾ ਕਿ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਬਚਪਨ ਵਿੱਚ ਵੀ ਅਹਿਸਾਨ ਕਰਨ ਵਾਲ਼ੇ ਸਨ ਅਤੇ ਇਸ ਉਮਰ ਵਿੱਚ ਵੀ। ਗ਼ਜ਼ਵਾ ਹੁਨੈਨ ਵਿੱਚ ਇਹ ਮੁਸ਼ਰਿਕ ਹੋਣ ਦੀ ਹਾਲਤ ਵਿੱਚ ਸ਼ਰੀਕ ਹੋਏ ਅਤੇ ਗ਼ਜ਼ਵਾ ਹੁਨੈਨ ਤੋਂ ਵਾਪਸੀ 'ਤੇ ਉਨ੍ਹਾਂ ਨੇ ਇਸਲਾਮ ਕ਼ਬੂਲ ਕਰ ਲਿਆ। ਲਿਖਿਆ ਗਿਆ ਹੈ ਕਿ ਫ਼ਤਹਿ ਮੱਕਾ 'ਤੇ ਕ਼ੁਰੈਸ਼ ਦੇ ਸਰਦਾਰਾਂ ਵਿੱਚੋਂ ਇਸਲਾਮ ਕ਼ਬੂਲ ਕਰਨ ਵਾਲ਼ਿਆਂ ਵਿੱਚੋਂ ਸਭ ਤੋਂ ਜ਼ਿਆਦਾ ਨਮਾਜ਼ ਰੋਜ਼ੇ ਦੇ ਪਾਬੰਦ ਅਤੇ ਸਦਕ਼ਾ ਦੇਣ ਵਾਲ਼ਾ ਸੁਹੈਲ ਤੋਂ ਵਧ ਕੇ ਹੋਰ ਕੋਈ ਵੀ ਨਹੀਂ ਸੀ। ਬਹੁਤ ਜ਼ਿਆਦਾ ਅੱਲਾਹ ਦੇ ਹਜ਼ੂਰ **ਰੋਣ ਵਾਲ਼ੇ** ਸਨ, ਕ਼ੁਰਆਨ ਪੜ੍ਹਦੇ **ਵਕ਼ਤ** ਅਕਸਰ ਰੋਇਆ ਕਰਦੇ ਸਨ।

ਸੁਹੈਲ ਬਿਨ ਅਮ੍ਰ ਦਾ ਇੱਕ ਹੋਰ ਕਾਰਨਾਮਾ ਬਿਆਨ ਕੀਤਾ ਜਾਂਦਾ ਹੈ, ਕਹਿੰਦੇ ਹਨ ਹਜ਼ਰਤ ਸੁਹੈਲ ਰਜ਼ਿ ਅੱਲਾਹੁ ਅਨਹੁ ਕ਼ੁਰੈਸ਼ ਦੇ ਜ਼ਬਰਦਸਤ ਭਾਸ਼ਣ ਦੇਣ ਵਾਲ਼ੇ ਵੀ ਸਨ। ਇਹ ਗ਼ਜ਼ਵਾ ਬਦਰ ਵਿੱਚ ਕਾਫ਼ਿਰ ਹੋਣ ਦੀ ਹਾਲਤ ਵਿੱਚ ਮੁਸਲਮਾਨਾਂ ਦੇ ਕ਼ੈਦੀ ਬਣੇ, ਉਨ੍ਹਾਂ ਨੇ ਆਪਣੇ ਬੁੱਲਾਂ 'ਤੇ ਨਿਸ਼ਾਨ ਬਣਾ ਰੱਖਿਆ ਸੀ। ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਨੇ ਇਸ ਮੌਕ਼ੇ 'ਤੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਲ਼ ਅਰਜ਼ ਕੀਤਾ ਕਿ ਯਾ! ਰਸੂਲੁੱਲਾਹ ਇਸ ਦੇ ਸਾਹਮਣੇ ਵਾਲ਼ੇ ਦੋ **ਦੰਦ** ਕਢਵਾ ਦਿਓ ਜਿੱਥੇ ਇਸਨੇ ਨਿਸ਼ਾਨ ਬਣਾਏ ਹੋਏ ਹਨ। ਇਹ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਖ਼ਿਲਾਫ਼ ਕਦੀ ਵੀ ਭਾਸ਼ਣ ਦੇਣ ਦੇ ਲਈ ਖੜਾ ਨਹੀਂ ਹੋ ਸਕੇਗਾ। (ਉਸ ਦੇ ਦੰਦ ਕੱਢ ਦੇਓ ਮੂੰਹ ਵਿੱਚ ਦੰਦ ਨਹੀਂ ਹੋਣਗੇ ਤਾਂ ਬੋਲਿਆ ਨਹੀਂ ਜਾਵੇਗਾ ਸਹੀ ਤਰ੍ਹਾਂ)। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਐ ਉਮਰ! ਇਸ ਨੂੰ ਛੱਡ ਦਿਓ, ਕ਼ਰੀਬ ਹੈ ਕਿ ਇਹ ਅਜਿਹੇ ਮੁਕ਼ਾਮ 'ਤੇ ਖੜਾ ਹੋਵੇ ਕਿ ਤੁਸੀਂ ਇਸ ਦੀ **ਤਾਰੀਫ਼** ਕਰੋ। ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਤਾਂ ਉਸ ਨੂੰ ਸਜ਼ਾ ਦਵਾਉਣਾ ਚਾਹੁੰਦੇ ਸਨ, ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕਿਹਾ ਕਿ ਨਹੀਂ ਕੁੱਝ ਨਹੀਂ ਕਹਿਣਾ, ਇੱਕ **ਮੌਕ਼ਾ** ਆਵੇਗਾ ਜਦ ਇਸ ਮੁਕ਼ਾਮ 'ਤੇ ਖੜਾ ਹੋਵੇਗਾ ਅਤੇ ਅਜਿਹੀਆਂ ਗੱਲਾਂ ਕਰੇਗਾ ਕਿ ਤੁਸੀਂ ਇਸ ਦੀ **ਤਾਰੀਫ਼** ਕਰੋਗੇ। ਬਹਰ ਹਾਲ ਇਹ ਕਹਿੰਦੇ ਹਨ ਕਿ ਇਹ ਮੁਕ਼ਾਮ ਉਸ ਵੇਲ਼ੇ ਆਇਆ ਜਦ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ **ਵਫ਼ਾਤ** ਹੋਈ ਤਾਂ ਮੱਕੇ ਵਾਲ਼ੇ ਡੋਲ ਗਏ। ਜਦ ਕ਼ੁਰੈਸ਼ ਨੇ ਮੱਕੇ ਦੇ ਵਸਨੀਕਾਂ ਨੂੰ **ਮੁਰਤਦ** ਹੁੰਦੇ ਦੇਖਿਆ ਅਤੇ ਹਜ਼ਰਤ ਇਤਾਬ ਬਿਨ ਉਸੈਦ ਅਮਵੀ ਰਜ਼ਿ ਅੱਲਾਹੁ ਅਨਹੁ ਜਿਹੜੇ ਕਿ ਨਬੀ ਕਰੀਮ ਵੱਲੋਂ ਮੱਕੇ ਦੇ ਵਸਨੀਕਾਂ 'ਤੇ ਸਰਦਾਰ ਮੁਕ਼ੱਰਰ ਸਨ, ਉਹ ਲੁਕ ਗਏ, ਅਜਿਹੀ ਖ਼ਰਾਬ ਹਾਲਤ ਹੋ ਗਈ ਤਾਂ ਉਸ ਵੇਲ਼ੇ ਹਜ਼ਰਤ ਸੁਹੈਲ ਬਿਨ ਅਮ੍ਰ ਰਜ਼ਿ ਅੱਲਾਹੁ ਅਨਹੁ ਭਾਸ਼ਣ ਕਰਦੇ ਹੋਏ ਖੜੇ ਹੋਏ ਅਤੇ ਕਿਹਾ ਕਿ ਐ ਕ਼ੁਰੈਸ਼ ਦੇ ਗਿਰੋਹ! ਤੁਸੀਂ ਆਖ਼ਿਰ ਵਿੱਚ ਇਸਲਾਮ ਲਿਆਏ ਹੋ, ਆਖ਼ਿਰ ਵਿੱਚ ਇਸਲਾਮ ਲਿਆ ਕੇ ਸਭ ਤੋਂ ਪਹਿਲੇ **ਮੁਰਤਦ** ਹੋਣ ਵਾਲ਼ੇ ਨਾ ਬਣਨਾ। **ਖ਼ੁਦਾ ਦੀ ਕ਼ਸਮ**! ਇਹ ਦੀਨ ਉਸੇ ਤਰ੍ਹਾਂ ਫੈਲੇਗਾ ਜਿਸ ਤਰ੍ਹਾਂ ਕਿ **ਚੰਨ** ਅਤੇ **ਸੂਰਜ** ਚੜ੍ਹਦੇ ਅਤੇ ਡੁੱਬਦੇ ਤੱਕ ਫੈਲਦੇ ਹਨ। ਇਸ ਤਰ੍ਹਾਂ ਆਪ ਰਜ਼ਿ ਅੱਲਾਹੁ ਅਨਹੁ ਨੇ ਯਾਨੀ ਹਜ਼ਰਤ ਸੁਹੈਲ ਰਜ਼ਿ ਅੱਲਾਹੁ ਅਨਹੁ ਨੇ ਇੱਕ ਲੰਮਾ ਭਾਸ਼ਣ ਦਿੱਤਾ। ਚੁਨਾਂਚੇ

ਇਸ ਭਾਸ਼ਣ ਨੇ ਮੱਕੇ ਵਾਲਿਆਂ ਦੇ ਦਿਲਾਂ 'ਤੇ ਅਸਰ ਕੀਤਾ ਅਤੇ ਉਹ ਰੁਕ ਗਏ। ਹਜ਼ਰਤ ਇਤਾਬ ਬਿਨ ਉਸੈਦ ਅਮਵੀ ਰਜ਼ਿ ਅੱਲਾਹੁ ਅਨਹੁ ਜਿਹੜੇ ਲੁਕ ਗਏ ਸਨ ਉਹ ਵੀ ਬੁਲਾਏ ਗਏ ਅਤੇ ਕੁਰੈਸ਼ ਇਸਲਾਮ 'ਤੇ **ਸਾਬਿਤ ਕ਼ਦਮ** ਹੋ ਗਏ।

ਫਿਰ ਹਜ਼ਰਤ ਉਤਬਾ ਅਤੇ ਮੁਅਤਬ ਦਾ ਕ਼ਬੂਲਿ ਇਸਲਾਮ, ਇਸ ਬਾਰੇ ਲਿਖਿਆ ਹੈ ਕਿ ਹਜ਼ਰਤ ਅੱਬਾਸ ਰਜ਼ਿ ਅੱਲਾਹੁ ਅਨਹੁ ਤੋਂ ਰਿਵਾਇਤ ਹੈ ਕਿ ਜਦ ਫ਼ਤਹਿ ਮੱਕਾ ਦੇ ਦਿਨ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਅਬੂ ਲਹਬ ਦੇ ਬੇਟੇ ਉਤਬਾ ਅਤੇ ਮੁਅਤਬ ਦੇ ਬਾਰੇ ਪੁੱਛਿਆ, ਮੈਂ ਕਿਹਾ ਕਿ ਉਹ ਦੂਸਰੇ ਮੁਸ਼ਰਿਕਾਂ ਦੀ ਤਰ੍ਹਾਂ **ਕਿਨਾਰਾ** ਕਰ ਗਏ ਹਨ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਇਰਸ਼ਾਦ 'ਤੇ ਹਜ਼ਰਤ ਅੱਬਾਸ ਰਜ਼ਿ ਅੱਲਾਹੁ ਅਨਹੁ ਉਨ੍ਹਾਂ ਨੂੰ ਲੈ ਆਏ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਨੂੰ ਇਸਲਾਮ ਦੀ **ਦਾਅਵਤ** ਦਿੱਤੀ ਤਾਂ ਉਨ੍ਹਾਂ ਨੇ ਇਸਲਾਮ ਕ਼ਬੂਲ ਕਰ ਲਿਆ ਅਤੇ ਦੋਹਾਂ ਨੇ ਬੈਅਤ ਕਰ ਲਈ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਖੜੇ ਹੋਏ, ਉਨ੍ਹਾਂ ਦੇ ਹੱਥ ਫੜੇ ਅਤੇ ਉਨ੍ਹਾਂ ਨੂੰ **ਮੁੰਨਤਜ਼ਿਮ** 'ਤੇ ਲੈ ਆਏ, ਜਿਹੜਾ **ਹਜਰਿ ਅਸਵਦ** ਅਤੇ **ਕਾਅਬਾ** ਦੇ ਬੂਹੇ ਦੇ ਦਰਮਿਆਨ **ਬੈਤੁੱਲਾਹ** ਦੀ ਕੰਧ ਦਾ ਹਿੱਸਾ ਹੈ, ਜਿਸ ਨਾਲ਼ ਲਿਪਟ ਕੇ ਦੁਆ ਮੰਗਣਾ ਸੁੰਨਤ ਹੈ ਅਤੇ ਇਹ ਦੁਆ ਦੀ ਕ਼ਬੂਲੀਅਤ ਦਾ ਖ਼ਾਸ ਮੁਕ਼ਾਮ ਹੈ, ਕੁੱਝ ਦੇਰ ਦੁਆ ਮੰਗੀ ਫਿਰ ਵਾਪਸ ਤਸ਼ਰੀਫ਼ ਲੈ ਆਏ। **ਖੁਸ਼ੀ** ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਚਿਹਰੇ 'ਤੇ ਦੇਖੀ ਜਾ ਸਕਦੀ ਸੀ। ਹਜ਼ਰਤ ਅੱਬਾਸ ਰਜ਼ਿ ਅੱਲਾਹੁ ਅਨਹੁ ਨੇ ਕਿਹਾ ਕਿ ਯਾ ਰਸੂਲੁੱਲਾਹ! ਅੱਲਾਹ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਖੁਸ਼ ਰੱਖੇ, ਮੈਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਚਿਹਰੇ 'ਤੇ ਖੁਸ਼ੀ ਦੇ ਅਸਰਾਤ ਦੇਖ ਰਿਹਾ ਹਾਂ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ, ਮੈਂ ਆਪਣੇ ਚਾਚੇ ਦੇ ਦੋ ਬੇਟਿਆਂ ਨੂੰ ਆਪਣੇ ਰੱਬ ਤੋਂ ਮੰਗਿਆ ਸੀ ਤਾਂ ਉਸਨੇ ਉਹ ਮੈਨੂੰ **ਇਨਾਇਤ** ਕਰ ਦਿੱਤੇ।

ਫਿਰ ਸਫ਼ਵਾਨ ਬਿਨ ਉਮੱਯਾ ਦਾ ਕ਼ਬੂਲਿ ਇਸਲਾਮ ਹੈ। ਸਫ਼ਵਾਨ ਬਿਨ ਉਮੱਯਾ ਮੱਕੇ ਦੇ ਸਰਦਾਰ ਉਮੱਯਾ ਬਿਨ ਖ਼ਲਫ਼ ਦਾ ਬੇਟਾ ਸੀ। ਗ਼ਜ਼ਵਾ ਬਦਰ ਦੇ ਬਾਅਦ ਉਸਨੇ ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕ਼ਤਲ ਦੀ **ਸਾਜ਼ਿਸ਼** ਵੀ ਕੀਤੀ ਸੀ। ਫ਼ਤਹਿ ਮੱਕਾ ਦੇ ਮੌਕੇ 'ਤੇ ਹਜ਼ਰਤ ਉਮੈਰ ਬਿਨ ਵਹਬ ਰਜ਼ਿ ਅੱਲਾਹੁ ਅਨਹੁ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਉਸ ਦੇ ਲਈ ਅਮਾਨ ਦੀ **ਦਰਖ਼ਾਸਤ** ਕੀਤੀ, ਜਿਸ ਨੂੰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕ਼ਬੂਲ ਕਰ ਲਿਆ। ਸਫ਼ਵਾਨ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲ਼ ਹਾਜ਼ਿਰ ਹੋਇਆ, ਉਸਨੇ ਕਿਹਾ ਕਿ ਮੈਂ ਅਜੇ ਇਸਲਾਮ ਕ਼ਬੂਲ ਕਰਨਾ ਨਹੀਂ ਚਾਹੁੰਦਾ ਅਤੇ **ਮੋਹਲਤ** ਚਾਹੀ। ਜਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਗ਼ਜ਼ਵਾ **ਤਾਇਫ਼** ਅਤੇ **ਹੁਨੈਨ** ਦੇ ਬਾਅਦ ਮਾਲਿ ਗ਼ਨੀਮਤ ਵੰਡਿਆ ਤਾਂ ਸਫ਼ਵਾਨ ਉਸ ਘਾਟੀ ਨੂੰ ਜਿਹੜੀ **ਭੇਡਾਂ ਬੱਕਰੀਆਂ** ਨਾਲ਼ ਭਰੀ ਹੋਈ ਸੀ, ਅਚੰਬੇ ਨਾਲ਼ ਦੇਖ ਰਿਹਾ ਸੀ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਦੀ ਹਾਲਤ ਦੇਖ ਕੇ ਫ਼ਰਮਾਇਆ ਕਿ ਇਹ ਘਾਟੀ ਅਤੇ ਉਸ ਵਿੱਚ ਜੋ ਕੁੱਝ ਹੈ ਸਭ ਕੁੱਝ ਤੇਰਾ ਹੈ, ਲੈ ਜਾਏ ਇਸ ਨੂੰ। ਸਫ਼ਵਾਨ ਨੇ ਉਨ੍ਹਾਂ ਦੇ ਸਾਰੇ ਮਾਲ 'ਤੇ **ਕ਼ਬਜ਼ਾ** ਕਰ ਲਿਆ ਅਤੇ ਕਿਹਾ ਜਿਸ ਚੰਗੇ ਤਰੀਕ਼ੇ ਨਾਲ਼ ਨਬੀ ਦਾ ਨਫ਼ਸ **ਦਾਨ** ਕਰਦਾ ਹੈ ਇਸ ਤਰ੍ਹਾਂ ਕੋਈ ਵੀ ਨਹੀਂ ਕਰ ਸਕਦਾ ਅਤੇ ਉਸੇ ਜਗ੍ਹਾ ਇਸਲਾਮ ਕ਼ਬੂਲ ਕਰ ਲਿਆ।

ਹਜ਼ੂਰ ਅਨਵਰ ਨੇ ਫ਼ਰਮਾਇਆ, ਫ਼ਤਹਿ ਮੱਕਾ ਦੇ ਮੌਕ਼ੇ 'ਤੇ ਇਸਲਾਮ ਕ਼ਬੂਲ ਕਰਨ ਵਾਲ਼ੇ ਉਨ੍ਹਾਂ ਮੱਕੇ ਦੇ ਸਰਦਾਰਾਂ ਦੀ ਬਹੁਤਾਤ ਨੇ ਬਾਅਦ ਵਿੱਚ ਆਪਣੀਆਂ ਜ਼ਿੰਦਗੀਆਂ ਵਿੱਚ ਇੱਕ **ਜ਼ਬਰਦਸਤ ਰੂਹਾਨੀ ਇਨਕ਼ਿਲਾਬ** ਪੈਦਾ ਕੀਤਾ ਸੀ। ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਇਸ ਦਾ ਜ਼ਿਕਰ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਇੱਕ ਵਾਰ ਆਪਣੀ ਖ਼ਿਲਾਫ਼ਤ ਦੇ ਜ਼ਮਾਨੇ ਵਿੱਚ ਮੱਕੇ ਤਸ਼ਰੀਫ਼ ਲਿਆਏ ਤਾਂ ਸ਼ਹਿਰ ਦੇ ਵੱਡੇ ਵੱਡੇ ਸਰਦਾਰ ਇਸ ਖ਼ਿਆਲ ਨਾਲ਼ ਕਿ ਅਸੀਂ ਫਿਰ ਆਪਣੀ **ਗਵਾਚੀ** ਇੱਜ਼ਤ ਨੂੰ ਹਾਸਿਲ ਕਰ ਸਕੀਏ ਆਪ ਰਜ਼ਿ ਅੱਲਾਹੁ ਅਨਹੁ ਨੂੰ ਮਿਲਣ ਲਈ ਆਏ। ਅਜੇ ਉਹ ਗੱਲਾਂ ਕਰ ਹੀ ਰਹੇ ਸਨ ਕਿ **ਮਜਲਿਸ** ਵਿੱਚ ਇੱਕ ਦੇ ਬਾਅਦ ਇਕ ਪਹਿਲੇ ਇਮਾਨ ਲਿਆਉਣ ਵਾਲਿਆਂ ਵਿੱਚੋਂ **ਗ਼ੁਲਾਮ** ਆਉਂਦੇ ਚਲੇ ਗਏ। ਜਦ ਇਹ ਪੁਰਾਣੇ ਇਮਾਨ ਲਿਆਉਣ ਵਾਲ਼ੇ ਆਉਂਦੇ ਤਾਂ ਆਪ ਰਜ਼ਿ ਅੱਲਾਹੁ ਅਨਹੁ ਉਨ੍ਹਾਂ ਸਰਦਾਰਾਂ ਨੂੰ ਕਹਿੰਦੇ ਕਿ ਜ਼ਰਾ **ਪਿੱਛੇ ਹੱਟ ਜਾਓ**, ਇਨ੍ਹਾਂ ਨੂੰ ਅੱਗੇ ਬੈਠਣ ਦਿਓ, ਇਥੋਂ ਤੱਕ ਕਿ ਪਿੱਛੇ ਹਟਦੇ ਹਟਦੇ ਸਰਦਾਰਾਂ ਨੂੰ **ਜੁੱਤੀਆਂ** ਵਿੱਚ ਬੈਠਣਾ ਪਿਆ। ਉਹ ਇਸ ਗੱਲ ਨੂੰ **ਬਰਦਾਸ਼ਤ** ਨਾ ਕਰ ਸਕੇ ਅਤੇ ਉੱਠ ਕੇ ਬਾਹਰ ਚਲੇ ਗਏ। ਬਾਹਰ ਨਿਕਲ਼ ਕੇ ਉਹ ਇੱਕ ਦੂਸਰੇ ਨਾਲ਼ ਸ਼ਿਕਾਇਤ ਕਰਨ

ਲੱਗੇ ਕਿ ਦੇਖੋ ਅੱਜ ਸਾਡੀ ਕੈਸੀ **ਜ਼ਿੱਲਤ** ਅਤੇ **ਰੁਸਵਾਈ** ਹੋਈ ਹੈ। ਇਸ 'ਤੇ ਉਨ੍ਹਾਂ ਵਿੱਚੋਂ ਇੱਕ ਨੌਜਵਾਨ ਬੋਲਿਆ ਕਿ ਇਸ ਵਿੱਚ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਦਾ ਤਾਂ ਕੋਈ **ਕ਼ਸੂਰ** ਨਹੀਂ। ਇਹ ਸਾਡੇ ਬਾਪ ਦਾਦਿਆਂ ਦਾ **ਕ਼ਸੂਰ** ਸੀ ਜਿਸ ਦੀ ਅੱਜ ਸਾਨੂੰ **ਸਜ਼ਾ** ਮਿਲੀ ਹੈ। ਉਸ ਦੀ ਇਹ ਗੱਲ ਸੁਣ ਕੇ ਦੂਸਰੇ ਕਹਿਣ ਲੱਗੇ ਕਿ ਕੀ ਇਸ **ਜ਼ਿੱਲਤ** ਦੇ **ਦਾਗ਼** ਨੂੰ ਦੂਰ ਕਰਨ ਦਾ ਕੋਈ ਜ਼ਰੀਆ ਵੀ ਹੈ? ਇਸ 'ਤੇ ਸਭ ਨੇ ਆਪਸ ਵਿੱਚ **ਮਸ਼ਵਰਾ** ਕੀਤਾ ਅਤੇ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਦੇ ਕੋਲ਼ ਆਏ। ਜਦ ਉਨ੍ਹਾਂ ਨੇ ਇਹ ਗੱਲ ਕਹੀ ਤਾਂ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ **ਰਿੱਕ਼ਤ** ਦੀ ਵਜ੍ਹਾ ਨਾਲ਼ ਬੋਲ ਵੀ ਨਾ ਸਕੇ, ਸਿਰਫ਼ ਆਪ ਰਜ਼ਿ ਅੱਲਾਹੁ ਅਨਹੁ ਨੇ ਹੱਥ ਚੁੱਕਿਆ ਅਤੇ ਉੱਤਰ ਦੇ ਵੱਲ ਉਂਗਲੀ ਨਾਲ਼ ਇਸ਼ਾਰਾ ਕੀਤਾ ਜਿਸ ਦਾ ਇਹ ਮਤਲਬ ਸੀ ਕਿ ਉੱਤਰ ਵਿੱਚ ਯਾਨੀ ਸ਼ਾਮ (ਸੀਰਿਆ) ਵਿੱਚ ਕੁੱਝ ਇਸਲਾਮੀ ਜੰਗਾਂ ਹੋ ਰਹੀਆਂ ਹਨ ਜੇਕਰ ਤੁਸੀਂ ਇਨ੍ਹਾਂ ਜੰਗਾਂ ਵਿੱਚ ਸ਼ਾਮਿਲ ਹੋ ਜਾਓ ਤਾਂ ਮੁਮਕਿਨ ਹੈ ਕਿ ਇਸ ਦਾ **ਕੱਫ਼ਾਰਾ** ਹੋ ਜਾਵੇ। ਚੁਨਾਂਚੇ ਉਹ ਉਥੋਂ ਉੱਠੇ ਅਤੇ ਛੇਤੀ ਹੀ ਉਨ੍ਹਾਂ ਜੰਗਾਂ ਵਿੱਚ ਸ਼ਾਮਿਲ ਹੋਣ ਦੇ ਲਈ ਚੱਲ ਪਏ। **ਤਾਰੀਖ਼** ਦੱਸਦੀ ਹੈ ਕਿ ਉਹ ਸਰਦਾਰ ਜਾਏ ਜਿੰਨੇ ਸਨ ਉਨ੍ਹਾਂ ਵਿੱਚੋਂ ਇੱਕ **ਸ਼ਖ਼ਸ** ਵੀ ਜਿਉਂਦਾ ਵਾਪਿਸ ਨਹੀਂ ਆਇਆ, ਸਭ ਉਸੇ ਜਗ੍ਹਾ **ਸ਼ਹੀਦ** ਹੋ ਗਏ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਆਪਣੇ ਖ਼ਾਨਦਾਨਾਂ ਦੇ ਨਾਮ ਤੋਂ **ਜ਼ਿੱਲਤ** ਦੇ **ਦਾਗ਼** ਨੂੰ ਮਿਟਾ ਦਿੱਤਾ।

ਫ਼ਤਹਿ ਮੱਕਾ ਦੇ ਫ਼ੌਰਨ ਬਾਅਦ ਹਜ਼ੂਰ ਅਕਰਮ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕਾਫ਼ਰਾਂ ਦੀਆਂ ਬੁੱਤਾਂ ਦੀਆਂ ਥਾਵਾਂ ਨੂੰ ਢਾਉਣ ਦਾ **ਹੁਕਮ** ਦਿੱਤਾ ਤਾਂ ਜੋ ਲੋਕਾਂ ਦੇ ਦਿਲਾਂ ਵਿੱਚੋਂ ਉਨ੍ਹਾਂ ਬੁੱਤਾਂ ਦਾ **ਫ਼ਰਜ਼ੀ ਖ਼ੌਫ਼** ਖ਼ਤਮ ਕੀਤਾ ਜਾ ਸਕੇ।

ਹਜ਼ੂਰ ਅਨਵਨ ਨੇ ਫ਼ਰਮਾਇਆ ਕਿ ਕੁੱਝ ਥੋੜੇ ਜਿਹੇ ਵਾਕ਼ਿਆਤ ਜਿਹੜੇ ਹਨ ਇੰਨਸ਼ਾ ਅੱਲਾਹ ਆਇੰਦਾ ਬਿਆਨ ਕਰਾਂਗਾ।

ਆਖ਼ਿਰ 'ਤੇ ਹਜ਼ੂਰ ਅਨਵਰ ਨੇ ਦੋ ਮਰਹੂਮਾਂ ਮੁਕੱਰਮ ਚੌਧਰੀ ਅਬਦੁਲ ਗ਼ਫ਼ੂਰ ਸਾਹਿਬ ਇਬਨ ਚੌਧਰੀ ਗ਼ੁਲਾਮ ਕ਼ਾਦਿਰ ਸਾਹਿਬ ਜਾਮਸ਼ੂਰੂ ਹੈਦਰਾਬਾਦ ਅਤੇ ਮੁਕੱਰਮ ਮੁਹੰਮਦ ਅਲੀ ਸਾਹਿਬ ਕਰਤਾਰਪੁਰ, ਫੈਸਲ ਆਬਾਦ ਦਾ ਜ਼ਿਕਰਿ ਖ਼ੈਰ ਕੀਤਾ, ਮਗ਼ਫ਼ਿਰਤ ਅਤੇ ਦਰਜਿਆਂ ਦੀ ਬੁਲੰਦੀ ਦੇ ਲਈ ਦੁਆ ਕੀਤੀ ਅਤੇ ਨਮਾਜ਼ਿ ਜਨਾਜ਼ਾ ਗ਼ਾਇਬ ਪੜ੍ਹਾਉਣ ਦਾ ਐਲਾਨ ਫ਼ਰਮਾਇਆ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞